# MENA ਸਰਪ੍ਰਸਤ



ਅਸੀ ਇੱਕ MENA ਵਜੋਂ ਤੁਹਾਡੇ ਖਾਤੇ ‘ਤੇ ਵਚਿਾਰ ਕੀਤਾ ਹੈ, ਅਰਥਾਤ ਇੱਕ ਸੰਗਹੀਣ ਵਦਿਸ਼ੀ ਨਾਬਾਲਗ।

## “MENA” ਦਾ ਕੀ ਮਤਲਬ ਹੈ?

ਇਸਦਾ ਮਤਲਬ ਹੈ ਕ:ਿ

- ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ
- ਤੁਹਾਡੇ ਕੋਲ ਬੈਲਜੀਅਨ ਕੌਮੀਅਤ ਨਹੀ ਹੈ
- ਤੁਹਾਡੇ ਮਾਪੇ ਬੈਲਜੀਅਮ ਵੱਚਿ ਤੁਹਾਡੇ ਨਾਲ ਨਹੀ ਹਨ
- ਤੁਹਾਡੇ ਕੋਲ ਬੈਲਜੀਅਮ ਵੱਚਿ ਰਹਣਿ ਦਾ ਵੈਧ ਪਰਮਟਿ ਨਹੀ

ਬੈਲਜੀਅਮ ਵੱਚਿ, ਸੰਗਹੀਣ ਵਦਿਸ਼ੀ ਬਾਲਗਾਂ ਨੂੰ ਇੱਕ **ਸਰਪ੍ਰਸਤ** ਦਾ ਅਧਕਿਾਰੀ ਸਮਝਿਆ ਜਾਂਦਾ ਹੈ।

FEDERAL PUBLIC SERVICE
JUSTICE



## ਪਰ... ਸਰਪ੍ਰਸਤ ਕੀ ਕਰਦਾ ਹੈ?

ਸਰਪ੍ਰਸਤ ਵੱਕਿ ਵਅਿਕਤੀ ਹੁੰਦਾ ਹੈ ਜਸਿ ਨੂੰ ਅਸੀ ਬੈਲਜੀਅਮ ਵੱਚਿ ਤੁਹਾਡੀ ਹਮਿਾਇਤ ਕਰਨ ਅਤੇ ਤੁਹਾਡੀ ਰੋਜ਼ ਦੀ ਜਦਿੰਗੀ ਵੱਚਿ ਤੁਹਾਡੀ ਮਦਦ ਕਰਨ ਲਈ ਨਯਿੁਕਤ ਕਰਦੇ ਹਾਂ।

ਉਹ ਤੁਹਾਡਾ/ਤੁਹਾਡੀ ਕਨੂੰਨੀ ਪ੍ਰਤਨਿਿਧੀ ਹੁੰਦਾ/ਹੁੰਦੀ ਹੈ: ਇਸਦਾ ਮਤਲਬ ਹੈ ਕ ਿਉਹ ਤੁਹਾਡੀ ਬੈਲਜੀਅਮ ਵੱਚਿ ਰਹਣਿ ਲਈ ਸਾਰੀਆਂ ਲੋੜੀਦੀਆਂ ਪ੍ਰਕਰਿਆਿਵਾਂ ਦੀ ਪਾਲਣਾ ਕਰਨ ਵੱਚਿ ਮਦਦ ਕਰਦਾ/ਕਰਦੀ ਹੈ। ਉਦਾਹਰਨ ਲਈ, ਜੇਕਰ ਤੁਸੀ ਪਨਾਹ ਲੈਣ ਲਈ ਅਰਜ਼ੀ ਦੇ ਰਹੇ ਹੋ ਜਾਂ ਬੈਲਜੀਅਮ ਵੱਚਿ ਰਹਣਿ ਲਈ ਅਰਜੀ ਦੇ ਰਹੇ ਹੋ, ਤਾਂ ਉਹ ਪੂਰੀ ਪ੍ਰਕਰਿਆਿ ਦੇ ਦੌਰਾਨ ਤੁਹਾਡੀ ਹਮਿਾਇਤ ਕਰਨ ਅਤੇ ਤੁਹਾਡੀ ਮਦਦ ਕਰਨ ਲਈ ਹਾਜ਼ਰ ਹੋਵੇਗਾ/ਹੋਵੇਗੀ।

ਸਰਪ੍ਰਸਤ ਹੋਰਨਾਂ ਚੀਜਾਂ ਵੀ ਕਰਦਾ/ਕਰਦੀ ਹੈ। ਕੁਝ ਉਦਾਹਰਨਾਂ ਇਹ ਰਹੀਆਂ:

- ਉਹ ਤੁਹਾਨੂੰ ਅਕਸਰ ਮਲਿਣ ਆਉਂਦਾ/ਆਉਂਦੀ ਹੈ
- ਅਧਕਿਾਰੀਆਂ ਨੇ ਤੁਹਾਡੇ ਬਾਬਤ ਜੋ ਫੈਸਲੇ ਲੱਤਿ ਹਨ, ਉਹ ਤੁਹਾਨੂੰ



ਉਹਨਾਂ ਨੂੰ ਸਮਝਾਉਂਦਾ/ਸਮਝਾਉਂਦੀ ਹੈ।

- ਉਹ ਤੁਹਾਡੇ ਲਈ ਇੱਕ ਮੁਫ਼ਤ ਵਕੀਲ ਲੱਭਦਾ/ਲੱਭਦੀ ਹੈ;ਉਹ ਦੇਖਦਾ/ਦੇਖਦੀ ਹੈ ਕਿ ਤੁਸੀਂ ਆਪਣੀ ਰਿਹਾਇਸ਼ ਵਿੱਚ ਅਰਾਮਦੇਹ ਮਹਿਸੂਸ ਕਰ ਰਹੇ ਹੋ ਜਾਂ ਨਹੀਂ ਅਤੇ, ਲੋੜ ਪੈਣ 'ਤੇ, ਢੁੱਕਵੀ ਰਿਹਾਇਸ਼ ਲੱਭਣ ਵਿੱਚ ਤੁਹਾਡੀ ਮਦਦ ਕਰਦਾ/ਕਰਦੀ ਹੈ।
- ਉਹ ਤੁਹਾਡਾ ਸਕੂਲ ਵਿੱਚ ਨਾਮ ਦਰਜ ਕਰਵਾਉਂਦਾ/ਕਰਵਾਉਂਦੀ ਹੈ ਅਤੇ ਯਕੀਨੀ ਬਣਾਉਂਦਾ/ਬਣਾਉਂਦੀ ਹੈ ਕਿ ਸਕੂਲ ਵਿੱਚ ਸਭ ਕੁਝ ਵਧੀਆ ਚੱਲ ਰਿਹਾ ਹੈ
- ਜੇਕਰ ਤੁਹਾਨੂੰ ਕੋਈ ਡਾਕਟਰੀ ਸਮੱਸਿਆਵਾਂ ਹਨ, ਤਾਂ ਉਹ ਯਕੀਨੀ ਬਣਾਉਂਦਾ/ਬਣਾਉਂਦੀ ਹੈ ਕਿ ਤੁਹਾਨੂੰ ਸਭ ਲੋੜੀਂਦੀ ਦੇਖਭਾਲ ਮਿਲਦੀ ਹੈ;ਉਹ ਤੁਹਾਡੀ ਸਲਾਹ ਦੇ ਨਾਲ ਤੁਹਾਡੇ ਪੈਸਿਆਂ ਨੂੰ ਪ੍ਰਬੰਧਿਤ ਕਰਦਾ/ਕਰਦੀ ਹੈ;ਕੋਈ ਸਮੱਸਿਆ ਹੋਣ 'ਤੇ, ਉਹ ਤੁਹਾਡੀਆਂ ਸਮੱਸਿਆਵਾਂ ਨੂੰ ਸੁਣਦਾ/ਸੁਣਦੀ ਹੈ;ਉਹ ਤੁਹਾਡੇ ਵਿਚਾਰਾਂ ਅਤੇ ਧਾਰਣਾਵਾਂ ਦਾ ਸਤਿਕਾਰ ਕਰਦਾ/ਕਰਦੀ ਹੈ
- ਉਹ ਤੁਹਾਡੇ ਨਾਲ ਤੁਹਾਡੇ ਭਵਿੱਖ ਦੇ ਬਾਰੇ ਗੱਲ ਕਰਦਾ/ਕਰਦੀ ਹੈ
- ਜੇਕਰ ਤੁਸੀਂ ਚਾਹੁੰਦੇ ਹੋ, ਤਾਂ ਉਹ ਤੁਹਾਡੇ ਮਾਪਿਆਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ/ਕਰੇਗੀ

ਜੇਕਰ ਤੁਹਾਡੇ ਆਪਣੇ ਸਰਪ੍ਰਸਤ ਦੇ ਫ਼ਰਜ਼ਾਂ ਨੂੰ ਲੈ ਕੇ ਕੋਈ ਸਵਾਲ ਹਨ, ਤਾਂ ਤੁਸੀਂ ਉਸ ਨਾਲ ਗੱਲ ਕਰ ਸਕਦੇ ਹੋ।



## ਤੁਹਾਡਾ ਸਰਪ੍ਰਸਤ ਤੁਹਾਡੇ ਕੋਲ ਕੰਿਨਾਂ ਚਰਿ ਹੋਵੇਗਾ?

ਤੁਹਾਡਾ ਸਰਪ੍ਰਸਤ ਓਨਾਂ ਚਰਿ ਤੁਹਾਡੀ ਮਦਦ ਕਰੇਗਾ/ਕਰੇਗੀ, ਜਦੋਂ ਤੱਕ ਤੁਹਾਡੀ ਉਮਰ 18 ਸਾਲ ਨਹੀਂ ਹੋ ਜਾਂਦੀ। ਜਦੋਂ ਤੁਹਾਡੀ ਉਮਰ 18 ਸਾਲ ਹੋ ਜਾਵੇਗੀ, ਤਾਂ ਤੁਸੀ ਸੁਤੰਤਰ ਹੋ ਜਾਂਦੇ ਹੋ।

**ਇਸਦਾ ਮਤਲਬ ਕੀ ਹੈ?**

ਇਸਦਾ ਮਤਲਬ ਹੈ ਕਿ ਤੁਹਾਨੂੰ ਆਪਣਾ ਧਆਿਨ ਖੁਦ ਰੱਖਣਾ ਪਵੇਗਾ। ਸਰਪ੍ਰਸਤ ਤੁਹਾਡੇ ਲਈ ਫੈਸਲੇ ਨਹੀ ਲੈ ਸਕੇਗਾ। ਪਰ ਚੰਿਤਾ ਨਾ ਕਰੋ, ਤੁਹਾਡਾ ਸਰਪ੍ਰਸਤ ਤੁਹਾਡੇ 18ਵੇਂ ਜਨਮਦਨਿ ਲਈ ਤਆਿਰੀ ਕਰਨ ਵੱਿਚ ਤੁਹਾਡੀ ਮਦਦ ਕਰੇਗਾ: ਉਹ ਤੁਹਾਨੂੰ ਸਲਾਹ ਦੇਵੇਗਾ/ਦੇਵੇਗੀ ਅਤੇ ਤੁਹਾਨੂੰ ਜੋ ਵੀ ਕੁਝ ਪਤਾ ਹੋਣਾ ਚਾਹੀਦਾ ਹੈ, ਤੁਹਾਨੂੰ ਸਮਝਾਏਗਾ/ਸਮਝਾਏਗੀ।

ਹਾਲਾਂਕ‌ਿ, ਇਹ ਸੰਭਵ ਹੈ ਕਿ ਤੁਹਾਡੇ ਸਰਪ੍ਰਸਤ ਦਾ ਕੰਮ ਤੁਹਾਡੇ 18 ਸਾਲ ਦਾ/ਦੀ ਹੋਣ ਤੋਂ ਪਹਲਿਾਂ ਸਮਾਪਤ ਹੋ ਜਾਵੇ: ਜੇਕਰ ਤੁਹਾਡੇ ਮਾਪੇ ਬੈਲਜੀਅਮ ਵੱਿਚ ਆ ਜਾਂਦੇ ਹਨ, ਜਾਂ ਜੇਕਰ ਤੁਸੀ ਬੈਲਜੀਅਮ ਛੱਡ ਕੇ ਚਲੇ ਜਾਂਦੇ ਹੋ। ਅਜਹਿ ਮਾਮਲਆਿਂ ਵੱਿਚ, ਅਸੀ ਤੁਹਾਨੂੰ ਇਹ ਸੂਚਨਾ ਦੰਿਦਾ ਇੱਕ ਪੱਤਰ ਭੇਜਾਂਗੇ ਕਿ ਹੁਣ ਤੁਹਾਡਾ ਕੋਈ ਸਰਪ੍ਰਸਤ ਨਹੀਂ ਹੈ। ਸਰਪ੍ਰਸਤ ਇਸ ਬਾਰੇ ਤੁਹਾਡੇ ਨਾਲ ਗੱਲ ਕਰੇਗਾ/ਕਰੇਗੀ।

## ਜੇਕਰ ਤੁਹਾਡੇ ਸਰਪ੍ਰਸਤ ਨੂੰ ਤੁਹਾਡੇ ਨਾਲ ਕੋਈ ਸਮੱਸਿਆ ਹੋਈ, ਤਾਂ ਕੀ ਹੋਵੇਗਾ?

ਸਰਪ੍ਰਸਤ ਤੁਹਾਡੀ ਗੱਲ ਸੁਣੇਗਾ/ਸੁਣੇਗੀ ਅਤੇ ਤੁਹਾਡੇ ਲਈ ਉਪਲਬਧ ਰਹੇਗਾ/ਰਹੇਗੀ। ਜੋ ਵੀ ਗਲਤ ਹੈ, ਉਸ ਬਾਰੇ ਉਹਨਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰੋ।

**ਜੇ ਇੰਝ ਨਾ ਕੰਮ ਕਰੇ, ਤਾਂ ਕੀ ਹੋਵੇਗਾ?**

- ਸਾਡੇ ਨਾਲ ਸੰਪਰਕ ਕਰੋ; ਅਸੀ ਸਮੱਸਿਆ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰ ਸਕਦੇ ਹਾਂ।
- ਤੁਸੀ ਜਸਟਿਸ ਆਫ ਦੀ ਪੀਸ (Justice of the Peace) ਕੋਲ ਵੀ ਜਾ ਸਕਦੇ ਹੋ। ਉਹ ਤੁਹਾਡੇ ਅਤੇ ਤੁਹਾਡੇ ਸਰਪ੍ਰਸਤ ਵਿਚਕਾਰ ਸਮੱਸਿਆਵਾਂ ਨੂੰ ਸੁਲਝਾਉਣ ਲਈ ਹਾਜ਼ਰ ਹੈ। ਤੁਸੀ ਹੋਰ ਜਾਣਕਾਰੀ ਮੰਗ ਸਕਦੇ ਹੋ ਜਾਂ ਆਪਣੇ ਰਸਿਪਸ਼ਨ ਕੇਂਦਰ ਵਖਿ ਸਮਾਜਕ ਕਾਰਜਕਰਤਾ ਨੂੰ ਪੁੱਛ ਸਕਦੇ ਹੋ।



## ਸਾਡੇ ਨਾਲ ਸੰਪਰਕ ਕਵਿੇ ਕਰਨਾ ਹੈ?

ਤੁਸੀਂ ਇਸ ਫੋਨ ਨੰਬਰ 'ਤੇ ਸਾਨੂੰ **24/7** ਫੋਨ ਕਰ ਸਕਦੇ ਹੋ:

078/15.43.24

ਤੁਸੀਂ ਇਸ ਪਤੇ 'ਤੇ ਈਮੇਲ ਵੀ ਭੇਜ ਸਕਦੇ ਹੋ:

tutelles@just.fgov.be

ਜੇਕਰ ਤੁਹਾਨੂੰ ਸਾਨੂੰ ਸੰਪਰਕ ਕਰਨ ਨੂੰ ਲੈ ਕੇ ਮਦਦ ਦੀ ਲੋੜ ਹੈ, ਤਾਂ ਤੁਸੀ ਆਪਣੇ ਰਸਿੈਪਸ਼ਨ ਕੇਂਦਰ ਵਖਿ ਆਪਣੇ ਸਮਾਜਕ ਕਾਰਜਕਰਤਾ ਜਾਂ ਆਪਣੇ ਵਕੀਲ ਨੂੰ ਪੁੱਛ ਸਕਦੇ ਹੋ।

RESPONSIBLE EDITOR: JEAN - PAUL JANSSENS BD DE WATERLOO 115 -1000 BRUSSELS D/2021/7951/EN/1237